This question paper contains **3** printed pages]

*Your Roll No*................

**5326**

**B.A. (PROGRAMME)/I** **A**

**(T)**

PUNJABI DISCIPLINE—Paper I

**(Compulsory)**

(Essay, Novel and Functional Punjabi etc.)

(Admissions of 2004/2006 and after in respect of the students of regular colleges/NCWEB)

*Time* : 3 *Hours* *Maximum Marks* : 75

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

(*Write your Roll No. on the top immediately on receipt of this question paper.*)

ਨੋਟ :- ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. 'ਪਵਿੱਤਰ ਪਾਪੀ' ਨਾਵਲ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿਚ ਲਿਖੋ । 15

ਜਾਂ

ਨਾਨਕ ਸਿੰਘ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਕਿਉਂ ਕਿਹਾ ਜਾਂਦਾ ਹੈ ? ਵਿਸਤਾਰ ਨਾਲ ਬਿਆਨ ਕਰੋ ।

2. ਕਿਸੇ ਇਕ ਨਿਬੰਧ ਵਿਚਲੇ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ । 15

ਜਾਂ

ਵੈਦਿਕ ਜਾਂ ਅਵੈਦਿਕ ਵਿਚਾਰਧਾਰਾ, ਮਜ਼੍ਹਬ, ਸਦਾਚਾਰ ਦੇ ਮੱਤ ।

3. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਉੱਪਰ ਪੈਰਾ ਲਿਖੋ : 10

(*i*) ਹੰਕਾਰਿਆ ਸੋ ਮਾਰਿਆ;

(*ii*) ਪਰਿਵਾਰਕ ਰਿਸ਼ਤੇ;

(*iii*) ਸਾਡਾ ਸ਼ਹਿਰ ।

4. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ : 10

"ਸਮਾਂ ਇਕ ਮਹਾਨ ਖ਼ਜ਼ਾਨਾ ਹੈ । ਅਮੀਰੀਕਾ, ਜਪਾਨ ਵਿਚ ਮੀਂਹ ਹੋਵੇ, ਹਨ੍ਹੇਰਾ ਹੋਵੇ, ਠੰਡ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡੱਟ ਕੇ ਕੰਮ ਕਰਦਾ ਹੈ । ਦਫ਼ਤਰਾਂ ਵਿਚ, ਖੇਤਾਂ ਵਿਚ, ਕਾਰਖ਼ਾਨਿਆਂ ਵਿਚ, ਵਿਸ਼ੇਸ਼ ਛੁੱਟੀਆਂ ਸਾਮ ਵਿਚ ਮਸਾਂ ਚਾਰ-ਪੰਜ ਹੁੰਦੀਆਂ ਹਨ । ਸਾਡੇ ਦੇਸ਼ ਵਿਚ ਕਿੰਨੀਆਂ ਹੀ ਛੁੱਟੀਆਂ, ਕਿੰਨੇ ਥੋੜ੍ਹੇ ਘੱਟ ਕੰਮ, ਕਿੰਨਾ ਬੇਦਿਲਾ ਕੰਮ ਤੇ ਫਿਰ ਸਵੇਰ ਸ਼ਾਮ ਮੰਦਰਾਂ, ਗੁਰਦੁਆਰਿਆਂ ਵਿਚ ਭੀੜਾਂ, ਸਾਧੂਆਂ ਦੀ ਨਿੱਤ ਫੇਰੀ, ਮਰਨੇ, ਜੰਮਣੇ ਤੇ ਵਿਆਹ, ਕਿਸੇ ਹੋਰ ਦੇਸ਼ ਵਿਚ ਇਨ੍ਹਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ । ਲਾਊਡ ਸਪੀਕਰਾਂ ਉੱਤੇ ਦਿਨ-ਰਾਤ ਧਰਮ ਨਹੀਂ, ਵਹਿਮ-ਭਰਮ ਪ੍ਰਚਾਰੇ ਜਾਂਦੇ ਹਨ । ਹੋਰਨਾਂ ਦੇਸ਼ਾਂ ਵਿਚ ਭਾਵੇਂ ਕਿੰਨੀ ਬਰਫ਼ ਜੰਮੀ ਹੋਵੇ ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਰਹੇ ਹਨ । ਬਾਰ੍ਹਾਂ ਵਜੇ ਤੱਕ ਡੱਟ ਕੇ ਕੰਮ ਕੀਤਾ ਜਾਂਦਾ ਹੈ । ਇਕ ਘੰਟਾ ਵਿਚਕਾਰ ਖਾਣਾ ਖਾ ਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਹੁੰਦੀ ਹੈ । ਇਹੀ ਕਾਰਨ ਹੈ ਕਿ ਉਨ੍ਹਾਂ ਦੀ ਪੈਦਾਵਾਰ ਸਾਡੇ ਨਾਲੋਂ ਕਈ ਗੁਣਾਂ ਵਧੇਰੇ ਹੁੰਦੀ ਹੈ ।"

ਪ੍ਰਸ਼ਨ :

(*i*) ਪੈਰੇ ਨੂੰ ਢੁੱਕਵਾਂ ਸਿਰਲੇਖ ਦਿਓ ।

(*ii*) ਅਮਰੀਕਾ ਅਤੇ ਜਪਾਨ ਵਿਚ ਲੋਕ ਕਿੰਨੇ ਘੰਟੇ ਕੰਮ ਕਰਦੇ ਹਨ ਅਤੇ ਕਿਹੜੀਆਂ ਅਵੱਸਥਾਵਾਂ ਵਿਚ ਕਰਦੇ ਹਨ ?

(*iii*) ਸਾਡੇ ਦੇਸ਼ ਵਿਚ ਸਮਾਂ ਕਿਵੇਂ ਬਰਬਾਦ ਕੀਤਾ ਜਾਂਦਾ ਹੈ ?

(*iv*) ਸਾਡੇ ਦੇਸ਼ ਨੂੰ ਕਿਸ ਤਰ੍ਹਾਂ ਇਸ ਦਾ ਨੁਕਸਾਨ ਭੁਗਤਣਾ ਪੈ ਰਿਹਾ ਹੈ ।

5. ਹੇਠਾਂ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਉੱਤਰ ਲਿਖੋ : 10

(*i*) ਸ਼ਬਦ ਰਚਨਾ ਤੋਂ ਕੀ ਭਾਵ ਹੈ ? ਚਰਚਾ ਕਰੋ ।

(*ii*) ਭਾਸ਼ਾ ਤੇ ਉਪਭਾਸ਼ਾ ਦਾ ਅੰਤਰ ਉਦਾਹਰਣਾਂ ਸਹਿਤ ਸਪੱਸ਼ਟ ਕਰੋ ।

(*iii*) ਨਾਂਵ-ਵਾਕੰਸ਼ ਦੀ ਬਣਤਰ ਸੰਬੰਧੀ ਜਾਣਕਾਰੀ ਭਰਪੂਰ ਨੋਟ ਲਿਖੋ ।

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾਂ ਵਿਚ ਲਿਖੋ : 3×5=15

(*i*) 'ਪੱਤਰਕਾਰੀ' ਦੇ ਕਿੰਨੇ ਪ੍ਰਕਾਰ ਹਨ ? ਸੰਖੇਪ ਵਿਚ ਲਿਖੋ ।

(*ii*) ਲੋਕਧਾਰਾ ਤੋਂ ਕੀ ਭਾਵ ਹੈ ?

(*iii*) 'ਸਿਨੇਮਾ ਅਤੇ ਸਟੇਜ' ਵਿਚਕਾਰ ਕਿਹੜੇ ਪ੍ਰਮੁੱਖ ਅੰਤਰ ਹਨ ?

(*iv*) 'ਪਵਿੱਤਰ ਪਾਪੀ' ਵਿਚ ਕਿਦਾਰ ਦਾ ਚਰਿੱਤਰ ਕਿਸ ਤਰ੍ਹਾਂ ਦਾ ਪੇਸ਼ ਕੀਤਾ ਗਿਆ ਹੈ ?

(*v*) 'ਪਵਿੱਤਰ ਪਾਪੀ' ਨਾਵਲ ਕੀ ਕੇਂਦਰੀ ਸਮੱਸਿਆ ਕੀ ਹੈ ?